# ਭਾਰਤ-ਰੂਸ ਸੰਯੁਕਤ ਕਾਰਜ ਸਮੂਹ (ਜੇ.ਡਬਲਿਊ.ਡੀ.) ਦੀ ਅੱਤਵਾਦ ਵਿਰੋਧੀ (ਸੀ.ਟੀ) 12ਵੀਂ ਮੀਟਿੰਗ ਸਮੇਤ ਸੰਯੁਕਤ ਰਾਸ਼ਟਰ ਨਾਲ ਸਬੰਧਤ ਮੁੱਦਿਆਂ 'ਤੇ ਭਾਰਤ-ਰੂਸ ਸਲਾਹ-ਮਸ਼ਵਰੇ ਕੀਤੇ (ਮਈ 03-04, 2023)

05 ਮਈ, 2023

ਸਕੱਤਰ (ਪੱਛਮੀ) ਸ਼੍ਰੀ ਸੰਜੇ ਵਰਮਾ ਨੇ ਅੱਤਵਾਦ ਵਿਰੋਧੀ 12ਵੀਂ ਭਾਰਤ-ਰੂਸ ਸੰਯੁਕਤ ਕਾਰਜ ਸਮੂਹ ਅਤੇ ਸੰਯੁਕਤ ਰਾਸ਼ਟਰ ਸਮੇਤ ਬਹੁਪੱਖੀ ਮੁੱਦਿਆਂ 'ਤੇ ਭਾਰਤ-ਰੂਸ ਦੁਵੱਲੇ ਵਿਚਾਰ-ਵਟਾਂਦਰੇ ਲਈ 03-04 ਮਈ 2023 ਨੂੰ ਮਾਸਕੋ ਦਾ ਦੌਰਾ ਕੀਤਾ।

2. ਸੀ.ਟੀ. ’ਤੇ 03 ਮਈ ਨੂੰ 12ਵੀਂ ਜੇ.ਡਬਲਿਊ.ਜੀ ਦੀ ਸਹਿ-ਪ੍ਰਧਾਨਗੀ ਸਕੱਤਰ (ਪੱਛਮੀ) ਅਤੇ ਰਸ਼ੀਅਨ ਫੈਡਰੇਸ਼ਨ ਦੇ ਵਿਦੇਸ਼ ਮਾਮਲਿਆਂ ਦੇ ਉਪ ਮੰਤਰੀ ਐੱਚ.ਈ. ਸ਼੍ਰੀ ਓਲੇਗ ਸਿਰੋਮੋਲੋਟੋਵ ਨੇ ਕੀਤੀ। ਮੀਟਿੰਗ ਵਿੱਚ ਦੋਵਾਂ ਪਾਸਿਆਂ ਤੋਂ ਸਬੰਧਤ ਵਿਭਾਗਾਂ ਅਤੇ ਏਜੰਸੀਆਂ ਦੇ ਨੁਮਾਇੰਦਿਆਂ ਨੇ ਵੀ ਸ਼ਮੂਲੀਅਤ ਕੀਤੀ।

3. ਦੋਵਾਂ ਧਿਰਾਂ ਨੇ ਅੱਤਵਾਦ ਅਤੇ ਕੱਟੜਵਾਦ ਦਾ ਟਾਕਰਾ ਕਰਨ ਲਈ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਅੰਤਰਰਾਸ਼ਟਰੀ ਸਮੇਤ ਖੇਤਰੀ ਪੱਧਰ 'ਤੇ ਤਤਕਾਲੀ ਅੱਤਵਾਦੀ ਖਤਰਿਆਂ ਸਬੰਧੀ ਚਰਚਾ ਕੀਤੀ। ਰੂਸੀ ਪੱਖ ਨੇ 2022 ਵਿੱਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਅੱਤਵਾਦ ਵਿਰੋਧੀ ਕਮੇਟੀ ਦੇ ਪ੍ਰਧਾਨ ਵਜੋਂ ਭਾਰਤੀ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਨਵੀਂ ਦਿੱਲੀ ਘੋਸ਼ਣਾ ਪੱਤਰ ਨੂੰ ਅਪਣਾਏ ਜਾਣ ਦਾ ਸੁਆਗਤ ਕੀਤਾ ਜਿਸ ਵਿੱਚ ਅੱਤਵਾਦੀ ਏਜੰਡਿਆਂ ਲਈ ਵਰਤੀ ਜਾਣ ਵਾਲੀ ਨਵੀਂ ਅਤੇ ਉੱਭਰ ਰਹੀ ਤਕਨਾਲੋਜੀ ਦੀ ਵਰਤੋਂ ਦਾ ਟਾਕਰਾ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਸੀ। ਦੋਵਾਂ ਧਿਰਾਂ ਨੇ ਦੁਵੱਲੇ ਅਤੇ ਬਹੁਪੱਖੀ ਮੰਚਾਂ ’ਤੇ ਅੱਤਵਾਦ ਵਿਰੋਧੀ ਸਹਿਯੋਗ ਨੂੰ ਪੱਕਾ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਈ।

4. ਸੰਯੁਕਤ ਰਾਸ਼ਟਰ-ਸਬੰਧਤ ਮੁੱਦਿਆਂ 'ਤੇ ਭਾਰਤ-ਰੂਸ ਦੁਵੱਲੇ ਸਲਾਹ-ਮਸ਼ਵਰੇ 04 ਮਈ ਨੂੰ ਰਸ਼ੀਅਨ ਫੈਡਰੇਸ਼ਨ ਦੇ ਵਿਦੇਸ਼ ਮਾਮਲਿਆਂ ਦੇ ਉਪ ਮੰਤਰੀ ਐਚ.ਈ. ਸ਼੍ਰੀ ਸਰਗੇਈ ਵਰਸ਼ਿਨਿਨ ਨਾਲ ਕੀਤੀ ਗਈ।

5. ਦੋਵਾਂ ਧਿਰਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨਾਲ ਸਬੰਧਤ ਕਈ ਮੁੱਦਿਆਂ 'ਤੇ ਵਿਆਪਕ ਚਰਚਾ ਕੀਤੀ ਜਿਸ ਵਿੱਚ ਇਸ ਸਬੰਧੀ ਸੁਧਾਰ ਵੀ ਸ਼ਾਮਲ ਸਨ। ਰੂਸ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਸੁਧਾਰਾਂ ਤਹਿਤ ਇੱਕ ਸਥਾਈ ਮੈਂਬਰ ਵਜੋਂ ਭਾਰਤ ਲਈ ਆਪਣਾ ਸਮਰਥਨ ਦੁਹਰਾਇਆ।

**ਮਾਸਕੋ**

**04 ਮਈ, 2023**